# ਬੱਗੀ ਕਾਟੋ (White Squirrel)

**Maple ਤੇ ਰਹਿਦੀ ਬੱਗੀ ਕਾਟੋ, ਇਕੱਲਾ ਨਾ ਜਾਈ Canada ਨੂੰ ।**

ਸੁਣਿਆ ਤੂੰ Immigration ਲੈ ਲਈ, ਤੇ ਚੱਲਿਆ ਹੁਣ ਤੂੰ Canada ਨੂੰ ।
ਕਿਸੇ ਬੱਗੀ ਕਾਟੋ ਨੇ ਟੁਕ ਦੇਣਾ, ਦੇਖ ਨਵਾ ਲੱਗਿਆ ਬੇਰ, ਬੇਰੀ Canada ਨੂੰ ।
ਤੂੰ ਭੁੱਲ ਭਲਾ ਜਾਵੇਗਾ ਮੈਨੂੰ, ਮੈ ਕਿਵੇ ਭੁੱਲਾਗੀ ਇਕੱਠੇ ਖੇਡੀਆ ਖੇਡਾ ਨੂੰ ।

**Maple ਤੇ ਰਹਿਦੀ ਬੱਗੀ ਕਾਟੋ, ਇਕੱਲਾ ਨਾ ਜਾਈ Canada ਨੂੰ ।**


Maple leaf and squirrel

ਸੁਣਿਆ ਸੀ ਦਾਦੇ ਦਾਦੀ ਤੋ, ਸਹਿਰ ਬੰਦੇ ਨੂੰ ਖਾ ਜਾਦਾ ।
ਇਕ ਵਾਰੀ ਉੱਜੜਿਆ ਬੰਦਾ, ਮੁੱੜ ਪਿੰਡ ਜੋਗਾ ਨੀ ਰਹਿ ਜਾਦਾ ।
ਜਾਣ ਤੋ ਪਹਿਲਾ ਸੋਚ ਲਈ, ਨਾ ਸੱਮਜੀ ਘੱਟ Canada ਨੂੰ ।

**Maple ਤੇ ਰਹਿਦੀ ਬੱਗੀ ਕਾਟੋ, ਇਕੱਲਾ ਨਾ ਜਾਈ Canada ਨੂੰ ।**

ਜਿਨੇ ਨੇ ਜੰਮਪਲ ਪੰਜਾਬ ਦੇ, ਉਹ ਜਾਣਦੇ ਨੇ ਸਾਰੇ ।
ਜੋ ਸੁਖ ਛੱਜੂ ਦੇ ਚਵਾਰੇ, ਨਾ ਉਹ ਬੱਲਖ ਨਾ ਪੁਖਾਰੇ ।
ਉੱਥੇ ਕਰਨੀ ਪਊ ਗੁਲਾਮੀ, ਸੱਮਜ ਨਾ paradise Canada ਨੂੰ ।

**Maple ਤੇ ਰਹਿਦੀ ਬੱਗੀ ਕਾਟੋ, ਇਕੱਲਾ ਨਾ ਜਾਈ Canada ਨੂੰ ।**

ਸਾਰੇ ਪੰਜਾਬੀ ਮੰਨਦੇ ਨੇ ਕਰਮਾ ਨੂੰ ।
ਕਹਿਦੇ "ਕਰਮ ਜਾਣਗੇ ਨਾਲ, ਨਾ ਜਾਹ ਬੱਰਮਾ ਨੂੰ"
ਕੋਈ ਨਹੀ ਬਦਲ ਸਕਦਾ ਰੱਬ ਦੀਆ ਖੇਡਾ ਨੂੰ ।
ਫਿਰ ਤੂੰ ਕਿਉ ਮੂਹ ਚੱਕਿਆ ਵੱਲ Canada ਨੂੰ ।

**Maple ਤੇ ਰਹਿਦੀ ਬੱਗੀ ਕਾਟੋ, ਇਕੱਲਾ ਨਾ ਜਾਈ Canada ਨੂੰ ।**

ਬਾਬਾ ਜੀ ਵੀ ਕਹਿ ਗਏ, "ਨਾਨਕ ਦੁਖੀਆ ਸੱਭ ਸੰਸਾਰ"
ਤੂੰ ਸੰਸਾਰੋ ਬਾਹਰ ਨਾ ਸੰਮਝ, ਉਸ Canada ਨੂੰ ।
ਕੋਈ ਨਹੀ ਬਦਲ ਸਕਦਾ ਰੱਬ ਰਚਾਈਆ ਖੇਡਾ ਨੂੰ ।
ਫਿਰ ਤੂੰ ਕਿਉ ਮੂਹ ਚੱਕਿਆ ਵੱਲ Canada ਨੂੰ ।

**Maple ਤੇ ਰਹਿਦੀ ਬੱਗੀ ਕਾਟੋ, ਇਕੱਲਾ ਨਾ ਜਾਈ Canada ਨੂੰ ।**

12-12 ਘੰਟੇ ਕੰਮ ਕਰਕੇ, ਫਿਰ ਰੋਟੀ ਵੀ ਆਪ ਪਕਾਉਣੀ ਪਊ ।
ਕਦੇ "ਪੀਜੇ" ਤੇ ਕਦੇ "ਗਰਮ-ਕੁਤੇ" ਨਾਲ ਪੇਟ ਦੀ ਅੱਗ ਬਜਾਉਣੀ ਪਊ ।
ਭਾਡੇ ਧੋਕੇ, ਕੱਪੜੇ ਧੋਕੇ, IRON ਵੀ ਆਪ ਚਲਾਉਣੀ ਪਊ।
ਫਿਰ ਸੋਚੇਗਾ ਮੈ ਕਿਉ ਆਇਆ ਸੀ Canada ਨੂੰ ।

**Maple ਤੇ ਰਹਿਦੀ ਬੱਗੀ ਕਾਟੋ, ਇਕੱਲਾ ਨਾ ਜਾਈ Canada ਨੂੰ ।**

ਲੋਕੀ ਕਹਿਦੇ, "ਜੋ ਲਹੌਰ ਬੁੱਧੂ, ਉਹ ਪਛੌਰ ਵੀ ਬੁੱਧੂ" ।
ਬੁੱਧੂ ਨੇ ਬੁੱਧੂ ਹੀ ਰਹਿਣਾ, ਭਾਵੇ ਚਲਿਆ ਜਾਏ Canada ਨੂੰ ।

**Maple ਤੇ ਰਹਿਦੀ ਬੱਗੀ ਕਾਟੋ, ਇਕੱਲਾ ਨਾ ਜਾਈ Canada ਨੂੰ ।**

ਕਿਸੇ Canadian ਕਾਟੋ ਨੇ, ਤੇਰੇ ਤੇ ਪੂਛ ਤੜਾਕੇ ਮਰ ਜਾਣਾ ।
ਮੈ ਵਾਰ-2 ਕਰਲਾਵਾ, ਤੈਥੋ ਵੀ ਵਾਪਸ ਮੁੜਿਆ ਨੀ ਜਾਣਾ ।
ਕਿਉਕਿ ਛੱਲਾ ਨੀ ਮੁੜਿਆ, ਕੈਂਠਾ ਨੀ ਮੁੜਿਆ ।
ਮੁੜਿਆ ਨਹੀ Sarjinder, ਜੋ ਗਿਆ ਸੀ Canada ਨੂੰ ।

**Maple ਤੇ ਰਹਿਦੀ ਬੱਗੀ ਕਾਟੋ, ਇਕੱਲਾ ਨਾ ਜਾਈ Canada ਨੂੰ ।**



Archived at: www.geocities.com/new_punjabi_songs
Written by: Dr. Sarjinder Singh, Assistant Professor,
St. Cloud State University, St. Cloud, MN, USA
Note: All opinions are of author's own.

